# ਜ਼ਹਿਰੀਲੇ ਸੱਪਾਂ ਨੂੰ ਸੁਰੱਖਿਅਤ ਤਰੀਕੇ ਨਾਲ ਨਵੀਂ ਥਾਂ ਛੱਡਣ ਬਾਰੇ ਗਾਈਡ



ਜ਼ਹਿਰੀਲੇ ਸੱਪ (ਰੈਟਲਸਨੇਕ) ਕਦੇ ਕਦੇ ਖੇਤੀਬਾੜੀ ਵਾਲੇ ਇਲਾਕਿਆਂ ਵਿਚ ਖਾਣੇ ਦੀ ਭਾਲ ਵਿਚ ਆ ਸਕਦੇ ਹਨ, ਜਿਸ ਦਾ ਨਤੀਜਾ ਕੰਮ ਰੁਕਣ, ਸੁਰੱਖਿਆ ਦੇ ਫਿਕਰਾਂ ਅਤੇ ਕੁਝ ਕੇਸਾਂ ਵਿਚ ਸੱਪ ਦੀ ਮੌਤ ਵਿਚ ਨਿਕਲ ਸਕਦਾ ਹੈ। ਬੀ ਸੀ ਵਾਇਲਡਲਾਈਫ ਐਕਟ, ਬਹੁਤੇ ਜੰਗਲੀ ਜੀਵਾਂ ਨੂੰ ਪਰਮਿਟ ਲਏ ਬਿਨਾਂ ਮਾਰਨ, ਉਨ੍ਹਾਂ ਨੂੰ ਪਰੇਸ਼ਾਨ ਕਰਨ ਅਤੇ ਫੜਨ ਤੋਂ ਮਹਾਨੀ ਕਰਦਾ ਹੈ, ਜਿਸ ਵਿਚ ਸੱਪ ਵੀ ਸ਼ਾਮਲ ਹਨ। ਜ਼ਹਿਰੀਲੇ ਸੱਪਾਂ ਨੂੰ ਕਿਸਾਨਾਂ ਵਲੋਂ ਜ਼ਿੰਮੇਵਾਰੀ ਵਾਲੇ ਤਰੀਕੇ ਨਾਲ ਨਵੀਂ ਥਾਂ `ਤੇ ਛੱਡਣ ਨੂੰ ਕਨਜ਼ਰਵੇਸ਼ਨ ਅਫਸਰਾਂ ਵਲੋਂ ਪ੍ਰਬੰਧ ਦਾ ਇਕ ਜ਼ਰੂਰੀ ਅਮਲ ਸਮਝਿਆ ਜਾਂਦਾ ਹੈ ਜਿਹੜਾ ਕਿ ਜੀਵਾਂ ਦੀ ਰੱਖਿਆ ਵਿਚ ਯੋਗਦਾਨ ਪਾਉਂਦਾ ਹੈ। ਪੱਛਮੀ ਜ਼ਹਿਰੀਲੇ ਸੱਪਾਂ ਨੂੰ ਖਤਰੇ ਵਿਚਲੇ ਜੀਵਾਂ ਬਾਰੇ ਐਕਟ ਅਧੀਨ ਕੈਨੇਡਾ ਵਿਚ ਖਤਮ ਹੁੰਦੇ ਜਾ ਰਹੇ ਜੀਵਾਂ ਦੇ ਤੌਰ `ਤੇ ਦਰਜ ਕੀਤਾ ਗਿਆ ਹੈ, ਜੋ ਕਿ ਇਨ੍ਹਾਂ ਜੀਵਾਂ ਦੀ ਫੈਡਰਲ ਜ਼ਮੀਨਾਂ `ਤੇ ਰੱਖਿਆ ਕਰਦਾ ਹੈ। *ਹੋਰ ਗੈਰ-ਜ਼ਹਿਰੀਲੇ ਸੱਪਾਂ ਦੀਆਂ ਨਸਲਾਂ ਨੂੰ ਦੂਜੀ ਥਾਂ `ਤੇ ਲਿਜਾਣਾ ਜ਼ਰੂਰੀ ਨਹੀਂ ਹੈ, ਜੇ ਉਹ ਖਤਰੇ ਵਿਚ ਨਾ ਹੋਣ।*

## ਕਦਮ ਚੁੱਕਣ ਦਾ ਤਰੀਕਾ

***ਸੱਪਾਂ ਨੂੰ ਨਵੀਂ ਥਾਂ ਛੱਡਣ ਦੇ ਯੋਗ ਹੋਣ ਲਈ ਆਪਣੇ ਸਥਾਨ `ਤੇ ਘੱਟੋ ਘੱਟ ਇਕ ਵਿਅਕਤੀ ਨੂੰ ਟਰੇਂਡ ਕਰਨ ਬਾਰੇ ਵਿਚਾਰ ਕਰੋ। ਟਰੇਨਿੰਗ ਬਾਰੇ ਹੋਰ ਜਾਣਕਾਰੀ ਲੈਣ ਲਈ ਓਕਨਾਗਨ ਸਿਮਿਲਕਾਮੀਨ ਕਨਜ਼ਰਵੇਸ਼ਨ ਅਲਾਇੰਸ ਨਾਲ ਸੰਪਰਕ ਕਰੋ***
**outreach@osca.org.**

1. ਜ਼ਹਿਰੀਲੇ ਸੱਪਾਂ ਨੂੰ ਨਵੀਂ ਥਾਂ ਛੱਡਣ ਤੋਂ ਪਹਿਲਾਂ ਸਹੀ ਸਾਜ਼-ਸਮਾਨ ਅਤੇ ਕਿਸੇ ਮੁਲਾਜ਼ਮ ਨੂੰ ਟਰੇਨਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ।

2. ਜਿਸ ਜ਼ਹਿਰੀਲੇ ਸੱਪ ਨੂੰ ਨਵੀਂ ਥਾਂ ਲਿਜਾਣ ਦੀ ਲੋੜ ਹੈ, ਉਸ ਦੀ ਪਛਾਣ ਹੋ ਜਾਣ ਤੋਂ ਬਾਅਦ ਸੱਪ `ਤੇ ਸੁਰੱਖਿਅਤ ਫਾਸਲੇ ਤੋਂ (ਘੱਟੋ ਘੱਟ 2-3 ਮੀਟਰਾਂ ਤੋਂ) ਨਿਗ੍ਹਾ ਰੱਖੋ। ਨਿਗ੍ਹਾ ਰੱਖਣ ਵਾਲਾ ਜਿੰਨਾ ਦੂਰ ਸੱਪ ਤੋਂ ਹੋਵੇਗਾ, ਓਨਾ ਜ਼ਿਆਦਾ ਹੀ ਸੱਪ ਆਰਾਮਦੇਹ ਰਹੇਗਾ ਅਤੇ ਉਸ ਦੇ ਦੌੜਨ ਜਾਂ ਕਿਸੇ ਅਜਿਹੀ ਥਾਂ `ਤੇ ਲੁਕਣ ਦੀ ਸੰਭਾਵਨਾ ਘੱਟ ਹੋਵੇਗੀ ਜਿੱਥੋਂ ਉਸ ਨੂੰ ਫੜਨਾ ਔਖਾ ਹੋਵੇ। ਨਿਗ੍ਹਾ ਰੱਖਣ ਨਾਲ ਇਹ ਪੱਕਾ ਹੁੰਦਾ ਹੈ ਕਿ ਕੋਈ ਵੀ ਸੱਪ ਦੇ ਨੇੜੇ ਨਾ ਜਾਵੇ ਅਤੇ ਸੱਪ ਨੂੰ ਕਾਬੂ ਕਰਨ ਵਾਲੇ ਵਿਅਕਤੀ ਦੇ ਪਹੁੰਚਣ `ਤੇ ਇਸ ਨੂੰ ਸੌਖ ਨਾਲ ਲੱਭਿਆ ਜਾ ਸਕੇ। ਜੇ ਸੱਪ ਅਜਿਹੀ ਥਾਂ `ਤੇ ਚਲਿਆ ਜਾਵੇ ਜਿੱਥੇ ਤੁਹਾਡੀ ਸੇਫਟੀ ਨੂੰ ਖਤਰਾ ਹੋ ਸਕਦਾ ਹੋਵੇ, ਜਿਵੇਂ ਕਿਸੇ ਘਰ ਜਾਂ ਕਰਾਲ ਸਪੇਸ ਦੇ ਥੱਲੇ ਤਾਂ ਸੱਪ ਨੂੰ ਫੜਨ ਦੀ ਕੋਸ਼ਿਸ਼ ਨਾ ਕਰੋ। ਸੁਰੱਖਿਅਤ ਤਰੀਕੇ ਨਾਲ ਫੜੇ ਜਾਣ ਤੱਕ ਉਡੀਕ ਕਰੋ।

## ਲੋੜੀਂਦਾ ਸਾਜ਼-ਸਮਾਨ

- ਸੱਪ ਫੜਨ ਵਾਲੀ ਹੁੱਕ ਜਾਂ ਸੱਪ ਫੜਨ ਵਾਲੇ ਚਿਮਟੇ ਜਿਹੜੇ ਨਰਮੀ ਨਾਲ ਫੜਦੇ ਹੋਣ ਅਤੇ ਲੰਮੇ ਹੱਥੇ ਵਾਲੇ ਹੋਣ। (www.tongs.com ਤੋਂ ਮਿਲਦੇ ਹਨ)। ਰੇਕ ਜਾਂ ਝਾੜੂ (ਬਰੂਮ) ਦਾ ਹੈਂਡਲ ਵੀ ਵਰਤਿਆ ਜਾ ਸਕਦਾ ਹੈ ਪਰ ਬਹੁਤ ਕੋਮਲ ਰਹੋ ਕਿਉਂਕਿ ਸੱਪ ਛੇਤੀ ਹੀ ਫੱਟੜ ਹੋ ਜਾਂਦੇ ਹਨ।
- ਸੱਪ ਨੂੰ ਲਿਜਾਣ ਲਈ ਕੋਈ ਢੋਲ ਜਿਵੇਂ ਕਿ ਪੂਰੇ ਸਾਈਜ਼ ਦਾ ਪਲਾਸਟਿਕ ਦਾ ਗਾਰਬੇਜ ਕੈਨ ਜਿਸ ਦੇ ਹੈਂਡਲ ਹੋਣ ਅਤੇ ਸੁਰੱਖਿਅਤ ਢੱਕਣ ਹੋਵੇ। ਹਲਕੇ ਰੰਗ ਦਾ ਢੋਲ ਜਿਹੜਾ ਗਰਮ ਨਾ ਹੁੰਦਾ ਹੋਵੇ ਅਤੇ ਢੱਕਣ ਵਿਚ ਛੋਟੀਆਂ ਮੋਰੀਆਂ ਹੋਣ, ਉਹ ਸਭ ਤੋਂ ਵਧੀਆ ਹੈ। ਢੋਲ ਉੱਪਰ ਸੇਫਟੀ ਲਈ ਸਾਫ ਸਾਫ "ਲਾਈਵ ਰੈਟਲਸਨੇਕ" ਭਾਵ ਜਿਉਂਦੇ ਸੱਪ ਦਾ ਲੇਬਲ ਲੱਗਿਆ ਹੋਣਾ ਚਾਹੀਦਾ ਹੈ।

*Sponsored by*

OKANAGAN SIMILKAMEEN CONSERVATION ALLIANCE

CASA·ACSA
Canadian Agricultural Safety Association
Association canadienne de sécurité agricole

fcc Farm Credit Canada
Financement agricole Canada




3. ਫਾਸਲੇ ਦਾ ਇਕ ਸੁਰੱਖਿਅਤ ਜ਼ੋਨ ਕਾਇਮ ਰੱਖੋ ਜਿੱਥੇ ਲੋਕਾਂ ਅਤੇ ਪਾਲਤੂ ਜਾਨਵਰਾਂ ਨੂੰ ਘੱਟੋ ਘੱਟ 5 ਮੀਟਰ ਦੂਰ ਰੱਖਿਆ ਜਾਵੇ। ਇਸ ਨਾਲ ਸੱਪ ਨੂੰ ਢੋਲ ਵਿਚ ਪਾਏ ਜਾਣ ਦੌਰਾਨ ਕਿਸੇ ਨੂੰ ਕੱਟਣ ਦਾ ਖਤਰਾ ਹਟੇਗਾ ਅਤੇ ਇਹ ਪੱਕਾ ਹੋਵੇਗਾ ਕਿ ਲੋਕ ਸੱਪ ਦੇ ਬਹੁਤ ਨੇੜੇ ਹੋ ਕੇ ਉਸ ਨੂੰ ਭੈਭੀਤ ਨਹੀਂ ਕਰਨਗੇ। ਜ਼ਹਿਰੀਲੇ ਸੱਪ ਨੂੰ ਚੁੱਕਣ ਵੇਲੇ, ਸੱਪ ਨੂੰ ਕਾਬੂ ਕਰਨ ਵਾਲਾ ਵਿਅਕਤੀ ਏਰੀਏ ਵਿਚਲੇ ਹੋਰ ਲੋਕਾਂ ਦੀ ਸੇਫਟੀ ਲਈ ਜ਼ਿੰਮੇਵਾਰ ਹੈ।

4. ਜ਼ਹਿਰੀਲੇ ਸੱਪ ਕੋਲ ਜੇ ਖੁਲ੍ਹੀ ਥਾਂ ਵਿਚ ਜਾਇਆ ਜਾਵੇ ਤਾਂ ਉਹ ਭੈਭੀਤ ਹੋ ਸਕਦਾ ਹੈ। ਜੇ ਸੰਭਵ ਹੋਵੇ ਤਾਂ ਸੱਪ ਦੇ ਨੇੜੇ ਜਾਣ ਤੋਂ ਪਹਿਲਾਂ ਆਪਣੇ ਆਪ ਨੂੰ ਢਕੀਆਂ ਹੋਈਆਂ ਚੀਜ਼ਾਂ ਦੇ ਓਹਲੇ ਰੱਖੋ (ਜਿਵੇਂ ਝਾੜੀਆਂ ਅਤੇ ਸੱਪ ਨੂੰ ਨਵੀਂ ਥਾਂ ਲਿਜਾਣ ਵਾਲੇ ਢੋਲ ਵਰਗੀਆਂ ਹੋਰ ਰੁਕਾਵਟਾਂ) ਤਾਂ ਜੋ ਸੱਪ ਦੇ ਭੈਭੀਤ ਹੋਣ ਜਾਂ ਹਮਲਾਵਰ ਬਣਨ ਦਾ ਮੌਕਾ ਘਟਾਉਣ ਵਿਚ ਮਦਦ ਹੋ ਸਕੇ। ਜ਼ਹਿਰੀਲੇ ਸੱਪ ਦੇ ਡੰਗ ਮਾਰਨ ਦੇ ਜ਼ੋਨ `ਤੋਂ ਹਮੇਸ਼ਾਂ ਬਾਹਰ ਰਹੋ। ਜੇ ਸੱਪ ਨੇ ਕੁੰਡਲ ਮਾਰਿਆ ਹੋਵੇ ਤਾਂ ਜ਼ਹਿਰੀਲਾ ਸੱਪ ਆਪਣੇ ਸਰੀਰ ਦੀ ਲੰਬਾਈ ਦੇ ½ ਤੋਂ ¾ ਹਿੱਸੇ ਤੱਕ ਹਮਲਾ ਕਰ ਸਕਦਾ ਹੈ। ਜੇ ਜ਼ਹਿਰੀਲਾ ਸੱਪ ਪਸਰਿਆ ਹੋਵੇ ਤਾਂ ਹਮਲੇ ਦਾ ਜ਼ੋਨ ਛੋਟਾ ਹੁੰਦਾ ਹੈ।

5. ਜੇ ਸੱਪ ਘਬਰਾਹਟ ਵਿਚ ਹੋਵੇ ਤਾਂ ਇਸ ਨੂੰ ਫੜਨਾ ਅਤੇ ਨਵੀਂ ਥਾਂ ਲਿਜਾਣਾ ਔਖਾ ਹੋ ਸਕਦਾ ਹੈ, ਅਤੇ ਇਸ ਦੀ ਅਕਸਰ ਨੇੜੇ ਆ ਰਹੇ ਖਤਰੇ `ਤੇ ਹਮਲਾ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਜੇ ਅਜਿਹਾ ਹੋਵੇ ਤਾਂ ਸੱਪ ਦੇ ਆਰਾਮਦੇਹ ਹੋਣ ਤੱਕ ਸਾਰੀ ਹਿਲਜੁਲ ਬੰਦ ਕਰ ਦਿਉ ਅਤੇ ਖਤਰਾ ਘਟਾਉ। ਸੱਪ ਦੇ ਨੇੜੇ ਜਾਣ ਵੇਲੇ, ਹੌਲੀ ਹੌਲੀ, ਸ਼ਾਂਤ ਤਰੀਕੇ ਨਾਲ ਜਾਉ। ਜੇ ਚਿਮਟਾ (ਟੌਂਗਜ਼) ਵਰਤਣਾ ਹੈ ਤਾਂ ਸੱਪ ਨੂੰ ਚਿਮਟੇ ਨਾਲ ਸਰੀਰ ਦੇ ਵਿਚਕਾਰ ਤੋਂ ਫੜੋ ਅਤੇ ਜਿੰਨਾ ਵੀ ਹੋ ਸਕੇ ਪਰੈਸ਼ਰ ਘੱਟ ਤੋਂ ਘੱਟ ਹੋਵੇ। ਜੇ ਚਿਮਟੇ `ਤੇ ਇੰਟਰਲੋਕਿੰਗ ਦੰਦਾ ਹੈ ਤਾਂ ਸੱਪ ਦੇ ਸਰੀਰ ਮੁਤਾਬਕ ਦੰਦੇ ਦੇ ਟਿਕਾਣੇ ਬਾਰੇ ਚੌਕਸੀ ਰੱਖੋ ਤਾਂ ਜੋ ਦੰਦਾ ਸੱਪ ਵਿਚ ਚੁੱਭ ਨਾ ਜਾਵੇ ਅਤੇ ਉਸ ਦੇ ਸਰੀਰ ਨੂੰ ਫੱਟੜ ਨਾ ਕਰ ਦੇਵੇ (ਸੱਪਾਂ ਦੇ ਅੰਗ ਸੌਖ ਨਾਲ ਹੀ ਜ਼ਖਮੀ ਹੋ ਜਾਂਦੇ ਹਨ)। ਜੇ ਸਨੇਕ ਹੁੱਕ ਜਾਂ ਲੰਮਾ ਹੈਂਡਲ ਵਰਤ ਰਹੇ ਹੋ ਤਾਂ ਹੁੱਕ ਨੂੰ ਸੱਪ ਦੇ ਥੱਲੇ ਸਿਰ ਤੋਂ ਇਕ ਤਿਹਾਈ ਹਿੱਸਾ ਖਿਸਕਾਉ ਅਤੇ ਹੌਲੀ ਹੌਲੀ ਉੱਪਰ ਚੁੱਕੋ।

6. ਬੜੇ ਧਿਆਨ ਨਾਲ ਸੱਪ ਨੂੰ ਪਹਿਲਾਂ ਹੀ ਖੋਲ੍ਹੇ ਹੋਏ ਲਿਜਾਣ ਵਾਲੇ ਢੋਲ ਵਿਚ ਪਾਉ। ਛੇਤੀ ਨਾਲ ਢੱਕਣ ਲਾ ਦਿਉ, ਅਤੇ ਇਹ ਪੱਕਾ ਕਰੋ ਕਿ ਇਹ ਚੰਗੀ ਤਰ੍ਹਾਂ ਬੰਦ ਹੋ ਗਿਆ ਹੈ। ਰੱਸੀ ਜਾਂ ਡੱਕ ਟੇਪ ਨਾਲ ਢੱਕਣ ਨੂੰ ਹੋਰ ਸੁਰੱਖਿਅਤ ਕਰੋ ਤਾਂ ਜੋ ਢੱਕਣ ਅਚਾਨਕ ਨਾ ਖੁਲ੍ਹ ਸਕੇ। ਸੱਪ ਨੂੰ ਨਵੀਂ ਥਾ ਲਿਜਾਣ ਲਈ ਤਿਆਰੀ ਕਰਨ ਵੇਲੇ ਢੋਲ ਨੂੰ ਲੋਕਾਂ ਤੋਂ ਦੂਰ ਅਤੇ ਛਾਂ ਹੇਠ ਨਿਗ੍ਹਾ ਵਿਚ ਰੱਖੋ। ਢੋਲ `ਤੇ ਸਾਫ ਸਾਫ ‘‘ਲਾਈਵ ਰੈਟਲਸਨੇਕ: ਡੂ ਨੌਟ ਡਿਸਟਰਬ’’ ਦਾ ਲੇਬਲ ਲੱਗਾ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਦਿਖਾਲਣ ਲਈ ਨਹੀਂ ਰੱਖਿਆ ਜਾਣਾ ਚਾਹੀਦਾ। ਜ਼ਹਿਰੀਲੇ ਸੱਪ ਨੂੰ ਫੜਨ ਦੇ ਕੁਝ ਘੰਟਿਆਂ ਦੇ ਵਿਚ ਵਿਚ ਸੁਰੱਖਿਅਤ ਥਾਂ `ਤੇ ਛੱਡਿਆ ਜਾਣਾ ਚਾਹੀਦਾ ਹੈ।

7. ਤੁਰਨ ਤੋਂ ਪਹਿਲਾਂ ਡਬਲ ਚੈੱਕ ਕਰੋ ਕਿ ਢੱਕਣ ਪੂਰੀ ਤਰ੍ਹਾਂ ਸੁਰੱਖਿਅਤ ਲੱਗਾ ਹੋਇਆ ਹੈ ਅਤੇ ਫਿਰ ਢੋਲ ਨੂੰ ਗੱਡੀ ਵਿਚ ਰੱਸੀਆਂ ਜਾਂ ਸੀਟਬੈੱਲਟ ਨਾਲ ਬੰਨ੍ਹੋ। ਪੱਤਝੜ (ਫਾਲ) ਵਿਚ, ਜ਼ਹਿਰੀਲੇ ਸੱਪ ਨੂੰ ਘੁਰਨਿਆਂ ਵਾਲੀ ਥਾਂ ਦੇ ਨੇੜੇ ਛੱਡੋ, ਆਮ ਤੌਰ `ਤੇ ਉੱਚੀਆਂ ਨੀਵੀਂਆਂ ਥਾਂਵਾਂ ਦੇ ਨੇੜੇ ਅਤੇ ਇਹ ਥਾਂ 1 ਕਿਲੋਮੀਟਰ ਤੋਂ ਜ਼ਿਆਦਾ ਦੂਰ ਨਾ ਹੋਵੇ। ਬਸੰਤ (ਸਪਰਿੰਗ) ਅਤੇ ਗਰਮੀਆਂ ਵਿਚ ਜ਼ਹਿਰੀਲੇ ਸੱਪ ਨੂੰ ਫੜੀ ਗਈ ਥਾਂ ਤੋਂ 500 ਮੀਟਰ ਦੇ ਅੰਦਰ ਛੱਡੋ ਅਤੇ ਇਹ ਥਾਂ ਸੜਕਾਂ ਅਤੇ ਆਬਾਦੀ ਵਾਲੇ ਇਲਾਕਿਆਂ ਤੋਂ ਪਰ੍ਹਾਂ ਹੋਵੇ ਜਿੱਥੇ ਇਹ ਮਨੁੱਖਾਂ ਦੇ ਸੰਪਰਕ ਵਿਚ ਆ ਸਕਦਾ ਹੈ। ਢੋਲ ਨੂੰ ਧਰਤੀ `ਤੇ ਲੰਮਾ ਪਾ ਕੇ ਅਤੇ ਸੱਪ ਨੂੰ ਧਿਆਨ ਨਾਲ ਢੱਕਣ ਲਾਹ ਕੇ ਅਤੇ ਢੋਲ ਨੂੰ ਹੌਲੀ ਹੌਲੀ ਖੜਕਾ ਕੇ ਛੱਡੋ ਅਤੇ ਢੋਲ ਨੂੰ ਸੇਫਟੀ ਵਜੋਂ ਰੁਕਾਵਟ ਦੇ ਤੌਰ `ਤੇ ਵਰਤਣਾ ਜਾਰੀ ਰੱਖੋ। ਢੱਕਣ ਲਾਹੁਣ ਲਈ ਅਤੇ ਸੱਪ ਦੇ ਢੋਲ ਵਿੱਚੋਂ ਨਿਕਲਣ ਦੌਰਾਨ ਹੈਂਡਲ ਫੜੀ ਰੱਖਣ ਲਈ ਚਿਮਟਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਾਂ ਖੁਲ੍ਹਾ ਹੋਇਆ ਢੋਲ ਆਰਾਮ ਨਾਲ ਇਕ ਪਾਸੇ ਲੰਮਾ ਪਾਇਆ ਜਾ ਸਕਦਾ ਹੈ।

## ਜ਼ਹਿਰੀਲੇ ਸੱਪ ਦੇ ਕੱਟਣ `ਤੇ ਐਮਰਜੰਸੀ ਵਿਚ ਕੀ ਕਰਨਾ ਹੈ

***ਜੇ ਕਿਸੇ ਵਿਅਕਤੀ ਨੂੰ ਸੱਪ ਡੰਗ ਮਾਰ ਦੇਵੇ*** ਤਾਂ ਇਹ ਪੱਕਾ ਕਰੋ ਕਿ ਜ਼ਖਮੀ ਹੋਇਆ ਵਿਅਕਤੀ ਸ਼ਾਂਤ ਰਹੇ ਅਤੇ ਕਿਸੇ ਨੂੰ ਸੱਪ `ਤੇ ਨਿਗਰਾਨੀ ਰੱਖਣ ਲਈ ਕਹੋ ਤਾਂ ਕਿ ਇਹ ਕਿਸੇ ਹੋਰ ਦੇ ਡੰਗ ਨਾ ਮਾਰ ਸਕੇ। ਉਸ ਵਿਅਕਤੀ ਨੂੰ ਭਰੋਸਾ ਦਿਵਾਉ ਕਿ ਜ਼ਹਿਰੀਲੇ ਸੱਪਾਂ ਦੇ ਡੰਗ ਜਾਨਲੇਵਾ ਨਹੀਂ ਹੁੰਦੇ ਅਤੇ ਜੇ ਛੇਤੀ ਨਾਲ ਇਲਾਜ ਕਰ ਦਿੱਤਾ ਜਾਵੇ ਤਾਂ ਇਸ ਦਾ ਆਮ ਤੌਰ `ਤੇ ਲੰਮੇ ਸਮੇਂ ਲਈ ਕੋਈ ਅਸਰ ਨਹੀਂ ਰਹਿੰਦਾ। ***ਸੱਪ ਨੂੰ ਮਾਰੋ ਨਾ। ਸੱਪ ਨੂੰ ਮਾਰਨਾ ਅਤੇ ਇਸ ਨੂੰ ਹਸਪਤਾਲ ਲਿਆਉਣਾ ਗੈਰਕਾਨੂੰਨੀ ਹੈ ਅਤੇ ਇਹ ਹਾਲਤ ਨੂੰ ਹੋਰ ਖਤਰਨਾਕ ਬਣਾਉਂਦਾ ਹੈ।***

1. ਡੰਗ ਵਾਲੀ ਥਾਂ `ਤੇ ਖੂਨ ਬੰਦ ਕਰਨ ਲਈ ਕਦੇ ਵੀ ਬੈਂਡੇਜ ਬਗੈਰਾ ਨਾ ਲਾਉ ਜਾਂ ਚੀਰਾ ਨਾ ਦਿਉ, ਜਾਂ ਜ਼ਖਮ ਤੋਂ ਖੂਨ ਨਾ ਚੂਸੋ। ਇਸ ਨਾਲ ਜ਼ਖਮ ਹੋਣ ਵੀ ਬਦਤਰ ਹੋ ਜਾਂਦਾ ਹੈ।
2. ਜਿੰਨਾ ਵੀ ਛੇਤੀ ਹੋ ਸਕੇ ਨੇੜੇ ਦੇ ਹਸਪਤਾਲ ਨੂੰ ਫੋਨ ਕਰੋ ਤਾਂ ਜੋ ਸਟਾਫ ਲੋੜੀਂਦੀਆਂ ਤਿਆਰੀਆਂ ਕਰ ਸਕੇ।
3. ਫੌਰਨ ਉਸ ਵਿਅਕਤੀ ਨੂੰ ਨੇੜੇ ਦੇ ਹਸਪਤਾਲ ਲੈ ਕੇ ਜਾਉ ਅਤੇ ਉਸ ਨੂੰ ਸ਼ਾਂਤ ਰਹਿਣ ਲਈ ਉਤਸ਼ਾਹ ਦਿੰਦੇ ਰਹੋ। ਜ਼ਖਮੀ ਵਿਅਕਤੀ ਕਦੀ ਵੀ ਗੱਡੀ ਨਾ ਚਲਾਏ।